Roll No. ...................... Total Pages : 10

# 1409

**GSE/M–20**

PUNJABI

(ELECTIVE)

Time : Three Hours] [Maximum Marks : 80

**ਨੋਟ** : ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।

1. ਹੇਠ ਲਿਖੇ ਕਵੀਆਂ ਵਿਚੋਂ ਕਿਸੇ *ਇਕ* ਦੇ ਜੀਵਨ ਤੇ ਰਚਨਾ ਬਾਰੇ ਨਿਬੰਧ ਲਿਖੋ :

   (ੳ) ਪ੍ਰੋ: ਪੂਰਨ ਸਿੰਘ

   (ਅ) ਸੰਤੋਖ ਸਿੰਘ ਧੀਰ

   (ੲ) ਅੰਮ੍ਰਿਤਾ ਪ੍ਰੀਤਮ। 5

2. ਕਿਸੇ ਦੋ ਕਾਵਿ-ਟੁਕੜੀਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਬੀਜ ਬੀਜਣ, ਇਹ ਹਲ ਚਲਾਵਣ,
ਘਾਲਾਂ ਘਾਲਣ ਪੂਰੀਆਂ।
ਖਾਣ ਥੋੜਾ, ਪਹਿਨਣ ਮੋਟਾ ਸੋਟਾ,
ਵੇਖਣ ਮੁੜ-ਮੁੜ ਵੱਲ ਬੱਦਲਾਂ
ਇਹ ਹਨ ਜਗ ਦੇ ਭੰਡਾਰੀ,
ਰਾਜੇ ਹੱਥ ਅੱਡ ਮੰਗਦੇ ਇਥੋਂ ਹੋਟੀਆਂ।

(ਅ) ਵੇ ਦਰਦਮੰਦਾਂ ਦਿਆ ਦਰਦੀਆ!
ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬਾ
ਕਿਸੇ ਨੇ ਪੰਜਾਂ ਪਾਣੀਆਂ ਵਿਚ ਦਿੱਤੀ ਜ਼ਹਿਰ ਰਲਾ,
ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ।

(ੲ) ਜੀਣ ਥੀਣ ਦੀਆਂ ਕਿਸ ਨੂੰ ਸਾਰਾਂ?

ਕੰਮ ਦੇ ਘੰਣੇ ਠਾਰਾਂ ਠਾਰਾਂ

ਹੈ ਇਨਸਾਫ ਤੂੰ ਦਿੱਥੇ ਲੁਕਿਐ?

ਹੱਕ ਦੀਆਂ ਇਹ ਵਾਜਾਂ-ਸਾਰੇ ਘੁੰਮੀਆਂ।

(ਸ) ਤੈਨੂੰ ਦਿਆਂ ਹੰਝੂਆਂ ਦਾ ਭਾੜਾ,

ਨੀ ਪੀੜਾਂ ਦਾ ਪਰਾਗਾ ਭੁੰਨਣੇ,

ਭੱਠੀ ਵਾਲੀ ਏ।

ਭੱਠੀ ਵਾਲੀਏ ਚੰਬੇ ਦੀਏ ਡਾਲੀਏ।

ਨੀ ਦੁੱਖਾਂ ਦਾ ਪਰਾਗਾ ਭੁੰਨ ਦੇ। ਭੱਠੀ ਵਾਲੀਏ।

5+5=10

3. ਈਸ਼ਵਰ ਚੰਦਰ ਨੰਦਾ ਜਾਂ ਹਰਚਰਨ ਸਿੰਘ ਦਾ ਪੰਜਾਬੀ ਇਕਾਂਗੀ ਵਿਚ ਸਥਾਨ ਨਿਸ਼ਚਿਤ ਕਰੋ। 5

4. 'ਬੇਈਮਾਨ' ਜਾਂ 'ਪਿਤਾ ਪੁਰਖੀ' ਇਕਾਂਗੀ ਦੀ ਮੂਲ ਸਮੱਸਿਆ ਉਪਰ ਚਰਚਾ ਕਰੋ। 10

5. ਆਪਣੇ ਪਿਤਾ ਜੀ ਨੂੰ ਇਕ ਪੱਤਰ ਲਿਖੋ ਜਿਸ ਵਿਚ ਤੁਸੀਂ ਇੰਗਲੈਂਡ ਵਿਚ ਜਾਕੇ ਉੱਚ-ਵਿਦਿਆ ਪ੍ਰਾਪਤ ਕਰਨਾ ਚਾਹੁੰਦੇ ਹੋ।

*ਜਾਂ*

ਤੁਹਾਡੇ ਚਾਚਾ ਜੀ ਨੇ ਤੁਹਾਡੇ ਪਾਸ ਹੋਣ ਤੇ ਇਕ ਮੋਬਾਈਲ ਫੋਨ ਸੁਗਾਤ ਵਜੋਂ ਭੇਜਿਆ ਹੈ। ਉਨ੍ਹਾਂ ਦਾ ਧੰਨਵਾਦ ਕਰਨ ਲਈ ਇਕ ਪੱਤਰ ਲਿਖੋ। 10

6. ਹੇਠ ਲਿਖਿਆਂ *ਦਸ* ਅਖਾਣਾਂ ਨੂੰ ਵਾਕਾਂ ਵਿਚ ਵਰਤੋ :

(i) ਉੱਦਮ ਅੱਗੇ ਲਛਮੀ, ਪੱਖੇ ਅੱਗੇ ਪੌਣ।

(ii) ਕੁੱਛੜ ਕੁੜੀ ਤੇ ਸ਼ਹਿਰ ਢੰਡੋਰਾ।

(iii) ਦੀਵੇ ਥੱਲੇ ਹਨ੍ਹੇਰਾ।

(iv) ਨਾਲੇ ਚੋਰ ਨਾਲੇ ਚਤਰ।

(v) ਦਾੜੀ ਨਾਲੋਂ ਮੁੱਛਾਂ ਵੱਡੀਆਂ।

(vi) ਕਰ ਮਜੂਰੀ ਤੇ ਖਾਹ ਚੂਰੀ।

(vii) ਆਣਾ ਗੁੰਨਦੀ ਹਿਲਦੀ ਕਿਉਂ ਏ?

(viii) ਘਰ ਦਾ ਭੇਦੀ ਲੰਕਾ ਢਾਏ।

(ix) ਭੱਜਦਿਆਂ ਨੂੰ ਵਾਹਣ ਇਕੋ ਜਿਹਾ।

(x) ਛੱਜ ਤਾਂ ਬੋਲੇ, ਛਾਣਨੀ ਕਿਉਂ ਬੋਲੇ।

(xi) ਮੁੱਦਈ ਸੁਸਤ, ਗਵਾਰ ਚੁਸਤ।

(xii) ਇਕ ਪੰਥ ਦੋ ਕਾਜ।

(xiii) ਆਪ ਕੁਚੱਜੀ ਵਿਹੜੇ ਨੂੰ ਦੋਸ਼।

(xiv) ਗੌਂ ਭੁਨਾਵੇ ਜੌਂ।

(xv) ਫਸੀ ਨੂੰ ਫਟਕਣ ਕੀ?

(xvi) ਲਿਖੇ ਮੂਸਾ, ਪੜ੍ਹੇ ਖੁਦਾ। 10

7. ਹੇਠ ਲਿਖੇ ਵਾਕਾਂ ਵਿਚੋਂ *ਦਸ* ਵਾਕਾਂ ਨੂੰ ਸ਼ੁੱਧ ਕਰਕੇ ਲਿਖੋ :

(i) ਸਾਢਾ ਘਰ ਸਪਰ ਬਾਜਾਰ ਵਿਚ ਹੈ।

(ii) ਸੇਰ ਜਨਗਲ ਵੀਚ ਰਹਿੰਦਾ ਹੈ।

(iii) ਮੈਂ ਅਦਿਆਪਕ ਹੁੰਦਾ; ਕਾਸ਼!

(iv) ਉਹ ਤੁਹਾਡੇ ਵਾਲਾ ਕਬੂਤਰ ਹੈ।

(v) ਅਸੀਂ ਨੇ ਕਬਡੀ ਖੇਡਿਆ।

(vi) ਵਰਿੰਦਰ ਪਿੰਡੋ ਆਇਆ ਹੈ।

(vii) ਅਮਰਸਰ ਸਿਖੀ ਦਾ ਕੇਂਦਰ ਹੈ।

(viii) ਦੂਰ ਦੇ ਡੋਲ ਛੁਹਾਵਨੇ।

(ix) ਮਾਪਆਂ ਦਾ ਸਤਕਾਰ ਕਰਨਾ ਚਾਹੀਦਾ ਹੈ।

(x) ਆਉਣਾ ਤੁਸੀ ਮੇਰੇ ਘਰ।

(xi) ਰਾਮ ਗਰਮ ਮੱਝ ਦਾ ਦੁੱਧ ਪੀਂਦਾ ਹੈ।

(xii) ਡੁਗੇ ਪਾਨੀ ਵਿਚ ਨਹੀਂ ਜਾਣਾ ਚਾਹੀਦਾ।

(xiii) ਕੁੱਸ਼ੜ ਕੁੜੀ, ਚੀਨ ਢੰਡੋਰਾ।

(xiv) ਬਚੇ ਅਮਬ ਖਾਂਦੇ ਹਨ।

(xv) ਮੁੰਡਾ ਨੇ ਕਾਰ ਚਲਾਇਆ। 10

8. ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਵਿਚੋਂ *ਦਸ* ਦਾ ਪੰਜਾਬੀ ਰੂਪ ਲਿਖੋ :

For disposal, initial pay, intimation, probation, suspension, sanction, refund, grant-in-aid, in-advance, pay bill, pay scale, out today, clerical error, top secret, time barred.

10

9. ਆਪਣੀ ਪਾਠ-ਪੁਸਤਕ ਕਾਵਿ-ਨਾਦ ਵਿਚੋਂ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :

1. 'ਮੇਰਾ ਟੁੱਟਾ ਜਿਹਾ ਗੀਤ' ਕਿਸ ਕਵੀ ਦੀ ਰਚਨਾ ਹੈ?

(ੳ) ਭਾਈ ਵੀਰ ਸਿੰਘ (ਅ) ਪੂਰਨ ਸਿੰਘ

(ੲ) ਪਾਸ਼ (ਸ) ਅੰਮ੍ਰਿਤਾ ਪ੍ਰੀਤਮ

2. 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਵਿਚ ਕਿਹੜੀ ਪ੍ਰੀਤ-ਕਹਾਣੀ ਦਾ ਹਵਾਲਾ ਦਿੱਤਾ ਗਿਆ ਹੈ?

(ੳ) ਲੈਲਾ-ਮਜਨੂੰ (ਅ) ਹੀਰ-ਰਾਂਝਾ

(ੲ) ਸੱਸੀ-ਪੁੰਨੂੰ (ਸ) ਮਿਰਜਾ-ਸਾਹਿਬਾਂ

3. ਮਈ ਦਿਨ ਕਦੋਂ ਮਨਾਇਆ ਗਿਆ?

(ੳ) ਪਹਿਲੀ ਮਈ 1885

(ਅ) ਪਹਿਲੀ ਮਈ 1985

(ੲ) ਪਹਿਲੀ ਮਈ 1886

(ਸ) ਪਹਿਲੀ ਮਈ 1785

4. 'ਕਿਸੇ ਦੇ ਖ਼ੂਨ ਦੋ' ਕਵਿਤਾ ਕਿਸ ਕਵੀ ਦੀ ਰਚਨਾ ਹੈ?

(ੳ) ਭਾਈ ਵੀਰ ਸਿੰਘ (ਅ) ਪੂਰਨ ਸਿੰਘ

(ੲ) ਪਾਸ਼ (ਸ) ਪ੍ਰੀਤਮ ਸਿੰਘ ਸਫੀਰ

5. ਸ਼ਿਵ ਕੁਮਾਰ ਬਟਾਲਵੀ ਨੂੰ 'ਭਾਰਤੀ ਸਾਹਿਤ ਅਕਾਦਮੀ ਪੁਰਸਕਾਰ' ਕਿਹੜੀ ਪੁਸਤਕ ਤੇ ਮਿਲਿਆ ਹੈ?

(ੳ) ਮੈਨੂੰ ਵਿਦਾ ਕਰੋ (ਅ) ਲੂਣਾ

(ੲ) ਪੀੜਾਂ ਦਾ ਪਰਾਗਾ (ਸ) ਸੁਨੇਹੜੇ। 5

10. ਪਾਠ-ਪੁਸਤਕ 'ਇਕਾਂਗੀ ਬਹੁਰੰਗੀ' ਵਿਚੋਂ ਹੇਠ ਲਿਖੇ ਪ੍ਰਸ਼ਨਾਂ ਦਾ ਠੀਕ ਉੱਤਰ ਦਿਓ :

1. 'ਬੇਈਮਾਨ' ਇਕਾਂਗੀ ਕਿਸ ਦੀ ਰਚਨਾ ਹੈ?

(ੳ) ਆਤਮਜੀਤ (ਅ) ਹਰਸਰਨ ਸਿੰਘ

(ੲ) ਸੰਤ ਸਿੰਘ ਸੇਖੋਂ (ਸ) ਆਈ.ਸੀ. ਨੰਦਾ

2. ਨੰਦ ਕੌਰ ਦਾ ਸੁਭਾਅ ਕਿਹੋ ਜਿਹਾ ਸੀ?

(ੳ) ਸ਼ਾਂਤ (ਅ) ਝਗੜਾਲੂ

(ੲ) ਸ਼ੱਕੀ (ਸ) ਖੁਲ੍ਹਾ-ਡੁਲ੍ਹਾ

3. 'ਜ਼ਫ਼ਰਨਾਮਾ' ਕਿਸ ਦੀ ਰਚਨਾ ਹੈ?

(ੳ) ਆਈ.ਸੀ. ਨੰਦਾ (ਅ) ਸੰਤ ਸਿੰਘ ਸੇਖੋਂ

(ੲ) ਬਲਵੰਤ ਗਾਰਗੀ (ਸ) ਹਰਚਰਨ ਸਿੰਘ

4. 'ਪੈਂਤੜੇਬਾਜ਼' ਦਾ ਵਿਸ਼ਾ ਕੀ ਹੈ?

(ੳ) ਪਰਮਾਰਥ (ਅ) ਸੁਆਰਥ

(ੲ) ਧਰਮਾਰਥ (ਸ) ਚਰਿੱਤਰਾਰਥ

5. 'ਅੰਨ੍ਹੇ-ਕਾਣੇ' ਇਕਾਂਗੀ ਦਾ ਵਿਸ਼ਾ ਕੀ ਹੈ?

(ੳ) ਕਬੀਲਦਾਰੀ (ਅ) ਮਾਲਕ ਅਤੇ ਮਜ਼ਦੂਰ

(ੲ) ਸਰਮਾਇਦਾਰੀ (ਸ) ਧਾਰਮਿਕ। 5